## ਉਸ (ਔਰਤ) ਦੀ ਮਦਦ ਕਰਨ ਦੇ ਢੰਗ

**ਉਹ** ਆਪਣੀ ਜ਼ਿੰਦਗੀ ਦੀ ਤਬਾਹੀ ਦਾ ਦੋਸ਼ ਉਸ (ਔਰਤ) ਉੱਪਰ ਲਾਉਂਦਾ ਹੈ

**ਉਹ** ਸਹਾਇਤਾ ਲੈਣੀ ਨਹੀਂ ਚਾਹੁੰਦਾ

**ਉਹ** ਉਸ ਦੀਆਂ ਹਰਕਤਾਂ ਉੱਤੇ ਨਿਗਾਹ ਰੱਖਦਾ ਹੈ, ਉਸ ਦੇ ਟੈਲੀਫ਼ੋਨ ਸੁਣਦਾ ਹੈ, ਉਸ ਦੀਆਂ ਈਮੇਲਆਂ ਪੜ੍ਹਦਾ ਹੇ ਅਤੇ ਉਸ ਦਾ ਪਿੱਛਾ ਕਰਦਾ ਹੈ

**ਉਸ** ਨੂੰ ਨੌਕਰੀ ਜਾਰੀ ਰੱਖਣ ਵਿੱਚ ਮੁਸ਼ਕਲ ਆਉਂਦੀ ਹੈ

**ਉਹ** ਹਰ ਰੋਜ਼ ਡਰੱਗਾਂ ਲੈਂਦਾ ਹੈ ਜਾਂ (ਸ਼ਰਾਬ) ਪੀਂਦਾ ਹੈ

**ਉਸ** ਅੰਦਰ ਕਨੂੰਨ ਲਈ ਕੋਈ ਸਤਿਕਾਗਰ ਨਹੀਂ ਹੈ

**ਉਸ** (ਔਰਤ) ਨੂੰ ਲੱਗੀਆਂ ਸੱਟਾਂ ਦੀ ਵਜ੍ਹਾ ਬਾਰੇ ਕੋਈ ਪਤਾ ਨਹੀਂ

**ਉਸ** ਪਾਸ ਫ਼ੋਨ ਤਕ ਪਹੁੰਚ ਨਹੀਂ ਹੈ

**ਉਹ** ਕਈ ਹੋਰ ਰੁਕਾਵਟਾਂ ਦਾ ਸਾਮ੍ਹਣਾ ਕਰ ਰਹੀ ਹੈ (ਜਿਵੇਂ ਕਿ ਉਹ ਅੰਗਰੇਜ਼ੀ ਨਹੀਂ ਬੋਲ ਸਕਦੀ, ਕਨੂੰਨੀ ਤੌਰ ਤੇ ਉਹ ਕਨੇਡਾ ਦੀ ਵਾਸੀ ਨਹੀਂ ਹੈ, ਦੂਰ ਦੁਰਾਡੀ ਥਾਂ ਰਹਿੰਦੀ ਹੈ)

**ਉਸ** ਦਾ ਕੋਈ ਦੋਸਤ ਜਾਂ ਪਰਿਵਾਰ ਨਹੀਂ ਹੈ

***ਅੰਕੜੇ ਦਰਸਾਉਂਦੇ ਹਨ ਕਿ ਅਜਿਹੀਆਂ ਔਰਤਾਂ ਜੋ 25 ਸਾਲ ਤੋਂ ਘੱਟ ਉਮਰ ਦੀਆਂ ਹਨ, ਅਪਾਹਜ ਔਰਤਾਂ,ਐਬਉਰਿਜਨਲ (ਆਦ ਵਾਸੀ) ਔਰਤਾਂ ਅਤੇ ਕਾਮਨ ਲਾਅ (ਬਿਨਾ ਵਿਆਹ ਤੋਂ ਪਤੀ/ਪਤਨੀ ਵਾਂਗ ਰਹਿਣਾ) ਰਿਸ਼ਤੇ ਵਿੱਚ ਰਹਿੰਦੀਆਂ ਔਰਤਾਂ ਨੂੰ ਦੁਰਵਿਹਾਰ ਹੋਣ ਦਾ ਗੰਭੀਰ ਖ਼ਤਰਾ ਹੁੰਦਾ ਹੈ। (Statistics Canada: Family violence in Canada. A statistical Profile 2005)***

### *ਜਦੋਂ ਤਹਾਨੂੰ ਦੁਰਵਿਹਾਰ ਦੀਆਂ ਨਿਸ਼ਾਨੀਆਂ ਦਾ ਪਤਾ ਲੱਗੇ ਤਾਂ ਮਦਦ ਕਰਨ ਲਈ ਕੁਝ ਢੰਗ ਇਥੇ ਦਿੱਤੇ ਜਾਂਦੇ ਹਨ:*

- ਜੋ ਕੁਝ ਤੁਸਾਂ ਵੇਖਿਆ ਹੈ ਉਸ ਬਾਰੇ ਉਸ ਨੂੰ ਦੱਸੋ ਅਤੇ ਉਸ ਨੂੰ ਯਕੀਨ ਦਵਾਓ ਕਿ ਤੁਹਾਨੂੰ ਇਸ ਬਾਰੇ ਚਿੰਤਾ ਹੈ। ਉਸ ਨੂੰ ਦੱਸੋ ਕਿ ਤੁਹਾਨੂੰ ਉਸ ਉੱਪਰ ਯਕੀਨ ਹੈ ਅਤੇ ਗ਼ਲਤੀ ਉਸ ਦੀ ਨਹੀਂ ਹੈ।
- ਜੇ ਉਹ ਉਸ ਨੂੰ ਛੱਡ ਕੇ ਚਲੀ ਜਾਣ ਦੀ ਯੋਜਨਾ ਬਣਾ ਰਹੀ ਹੋਵੇ ਤਾਂ ਉਸ ਨੂੰ ਉਤਸ਼ਾਹਤ ਕਰੋ ਕਿ ਉਹ ਆਪਣੇ ਸਾਥੀ ਦੇ ਮੱਥੇ ਨਾ ਲੱਗੇ। ਉਸ ਦੀ ਸੁਰੱਖਿਆ ਨੂੰ ਕਾਇਮ ਰੱਖਣਾ ਜ਼ਰੂਰੀ ਹੈ।
- ਜਦੋਂ ਉਹ ਮਦਦ ਦੀ ਭਾਲ ਵਿੱਚ ਹੋਵੇ ਤਾਂ ਉਸ ਦੌਰਾਨ ਬੱਚਿਆਂ ਨੂੰ ਸੰਭਾਲਣ ਦੀ ਪੇਸ਼ਕਸ਼ ਕਰੋ।
- ਉਸ ਨੂੰ, ਉਸ ਦੇ ਬੱਚਿਆਂ ਨੂੰ ਅਤੇ ਪਾਲਤੂ ਜਾਨਵਰਾਂ ਨੂੰ ਆਪਣੇ ਘਰ ਵਿੱਚ ਸੁਰੱਖਿਆ ਦੇਣ ਦੀ ਪੇਸ਼ਕਸ਼ ਕਰੋ। ਜੇ ਉਹ ਤੁਹਾਡੀ ਪੇਸ਼ਕਸ਼ ਪਰਵਾਨ ਕਰ ਲੈਂਦੀ ਹੈ ਤਾਂ ਉਸ ਦੇ ਸਾਥੀ ਨੂੰ ਅੰਦਰ ਨਾ ਆਉਣ ਦਿਓ।
- ਉਸ ਨੂੰ ਉਤਸ਼ਾਹਤ ਕਰੋ ਕਿ, ਜੇ ਉਸ ਨੂੰ ਲੋੜ ਪਵੇ, ਤਾਂ ਉਹ ਜ਼ਰੂਰੀ ਵਸਤਾਂ ਨੂੰ ਇੱਕ ਛੋਟੇ ਥੈਲੇ ਵਿੱਚ ਪਾ ਕੇ ਤੁਹਾਡੇ ਘਰ ਵਿੱਚ ਸੰਭਾਲ ਕੇ ਰੱਖ ਸਕਦੀ ਹੈ।
- ਯਾਦ ਰੱਖੋ ਕਿ ਤੁਸੀਂ ਜਾਂ ਉਹ ਔਰਤ ਅਸਾਲਟਡ ਵਿਮੈਨਜ਼ ਹੈਲਪਲਾਈਨ (Assaulted Women's Helpline) ,ਆਪਣੇ ਸਥਾਨਕ ਸ਼ੈਲਟਰ ਨੂੰ ਜਾਂ ਐਮਰਜੰਸੀ ਦੀ ਸੂਰਤ ਵਿੱਚ ਪੁਲੀਸ ਨੂੰ ਫ਼ੋਨ ਕਰ ਸਕਦੇ ਹੋ।

